ੳ ੳ ਨਾਲ਼
ਤਿੰਨ ਲਗਾਂ
ਔਂਕੜ ਦੁਲੈਂਕੜ ਹੋੜਾ

ਹੋੜਾ ਲਾਉਣ ਵੇਲ਼ੇ ੳ ਦਾ ਮੂੰਹ ਖੁੱਲਾ
ਓ ਰੱਖਿਆ ਜਾਂਦਾ ਹੈ।

ਅ ਮੁਕਤਾ
ਤਿੰਨ ਹੋਰ ਲਗਾਂ
ਕੰਨਾ ਦੁਲਾਵਾਂ ਕਨੌੜਾ

ੲ ਤਿੰਨ ਲਗਾਂ
ਸਿਹਾਰੀ ਬਿਹਾਰੀ ਲਾਂ

Scanned by CamScanner

# ਸ ਤੋਂ ੜ

ਤੱਕ ਸਾਰੇ ਵਿਅੰਜਨਾ ਨੂੰ ਸਾਰੀਆਂ ਲਗਾਂ ਲਗਦੀਆਂ ਹਨ।

| | | | | |
|---|---|---|---|---|
| ਸ | ਹ | | | |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

Scanned by CamScanner

# ਲਗਾਂ ਚਿੰਨ੍ਹ

| ਲਗਾਂ | ਚਿੰਨ੍ਹ |
|---|---|
| 1. ਮੁਕਤਾ | ਕੋਈ ਚਿੰਨ੍ਹ ਨਹੀਂ |
| 2. ਕੰਨਾ | ਾ |
| 3. ਸਿਹਾਰੀ | ਿ |
| 4. ਬਿਹਾਰੀ | ੀ |
| 5. ਔਂਕੜ | ੁ |
| 6. ਦੁਲੈਂਕੜ | ੂ |
| 7. ਲਾਂ | ੇ |
| 8. ਦੁਲਾਵਾਂ | ੈ |
| 9. ਹੋੜਾ | ੋ |
| 10. ਕਨੌੜਾ | ੌ |

ੳ ਅਤੇ ੲ ਤੋਂ ਇਲਾਵਾ ਬਾਕੀ ਸਾਰੇ ਅੱਖਰ ਮੁਕਤਾ ਰੂਪ ਵਿੱਚ ਵਰਤੇ ਜਾ ਸਕਦੇ ਹਨ।

Scanned by CamScanner

# ਮੁਕਤਾ

ਜਿਸ ਅੱਖਰ ਨੂੰ ਕੋਈ ਲਗ ਨਹੀਂ ਲਗਦੀ

ਉਸ ਨੂੰ ਮੁਕਤਾ ਕਿਹਾ ਜਾਂਦਾ ਹੈ।

ੳ ਕ

ਤ ਮ ਜ

ਗ ਵ ਫ

ਲ ਟ ......

ਆਦਿ

# ਕੰਨਾ

ਾ

ਇਹ 'ਆ' ਦੀ
ਅਵਾਜ਼ ਦਿੰਦਾ ਹੈ।
ਇਸ ਦੀ ਲੰਬਾਈ
ਅੱਖਰ ਤੋਂ ਅੱਧੀ ਹੁੰਦੀ ਹੈ।

Scanned by CamScanner

# ਸਿਹਾਰੀ

ਿ

ਇਹ 'ਇ' ਦੀ ਅਵਾਜ਼
ਦਿੰਦੀ ਹੈ ਅਤੇ ਅੱਖਰ
ਤੋਂ ਪਹਿਲਾਂ ਲੱਗਦੀ ਹੈ।

Scanned by CamScanner

# ਸਿਹਾਰੀ

ਿ

ਇਹ 'ਈ' ਦੀ ਅਵਾਜ਼
ਦਿੰਦੀ ਹੈ ਅਤੇ ਅੱਖਰ
ਦੇ ਪਿੱਛੇ ਲੱਗਦੀ ਹੈ।

Scanned by CamScanner

# ਔਂਕੜ

ਇਹ ਲਗ 'ਉ' ਦੀ ਅਵਾਜ਼ ਦਿੰਦੀ ਹੈ।

ਇਹ ਅੱਖਰ ਦੇ ਹੇਠਾਂ ਲੱਗਦੀ ਹੈ।

Scanned by CamScanner

# ਦੁਲੈਂਕੜੇ

............

............

ੑ

ਇਹ ਲਗ 'ਊ' ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਹੇਠਾਂ ਲੱਗਦੀ ਹੈ।

Scanned by CamScanner

ਲਾਂ

ੇ

ਇਹ ਲਗ 'ਏ ਦੀ
ਅਵਾਜ਼ ਦਿੰਦੀ ਹੈ
ਅਤੇ ਅੱਖਰ ਦੇ ਉੱਪਰ
ਲੱਗਦੀ ਹੈ।

Scanned by CamScanner

# ਦੁਲਾਵਾਂ

ੈ

ਇਹ ਲਗ 'ਐ' ਦੀ
ਅਵਾਜ਼ ਦਿੰਦੀ ਹੈ ਅਤੇ
ਅੱਖਰ ਦੇ ਉੱਪਰ
ਲੱਗਦੀ ਹੈ।

Scanned by CamScanner

# ਹੋੜਾ

ੋ

ਇਹ ਲਗ 'ਓ' ਦੀ ਅਵਾਜ਼ ਦਿੰਦੀ ਹੈ ਅਤੇ ਇਹ ਅੱਖਰ ਦੇ ਉੱਪਰ ਲੱਗਦਾ ਹੈ।

Scanned by CamScanner

# ਕਨੌੜਾ

# ੌ

ਇਹ ਲਗ 'ਔ' ਦੀ
ਅਵਾਜ਼ ਦਿੰਦੀ ਹੈ ਅਤੇ
ਇਹ ਅੱਖਰ ਦੇ ਉੱਪਰ
ਲੱਗਦਾ ਹੈ।

Scanned by CamScanner

# ਲਗਾਖਰ

**ਬਿੰਦੀ :** ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ, ਕਨੌੜਾ

ਮੁਕਤਾ ਕੇਵਲ ੳ ਨਾਲ਼

**ਟਿੱਪੀ :** ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ

**ਅੱਧਕ :** ਸ਼ਬਦ ਵਿੱਚੋਂ ਅੱਖਰ ਦੀ ਦੂਹਰੀ ਅਵਾਜ਼

ਕੁਝ ਅੰਗਰੇਜ਼ੀ ਸ਼ਬਦਾਂ ਤੇ ਦੁਲਾਵਾਂ ਨਾਲ਼

Scanned by CamScanner

# ਅਨੁਨਾਸਿਕ

ਙ ਞ ਣ ਨ ਮ

ਅਨੁਨਾਸਿਕ ਅੱਖਰ ਜਦ
ਕਿਸੇ ਲੰਮੀ ਲਗ ਦੇ ਪਿੱਛੇ
ਆਵੇ ਤਾਂ ਆਮ ਤੌਰ ਤੇ
ਬਿੰਦੀ - ਟਿੱਪੀ ਨਹੀਂ ਲੱਗਦੀ-

ਖਾਣ, ਪੀਣ, ਪਾਨ,
ਸੋਣਾ, ਛੋਨਾ ............
ਇਨਾਮ, ਨਾਮ,
ਮਾਮੀ, ਕੋਮ, ਮੇਮ

Scanned by CamScanner

# ਅਨੁਨਾਸਿਕ

ਅਨੁਨਾਸਿਕ ਅੱਖਰਾਂ ਤੋਂ ਪਹਿਲਾਂ ਅੱਧਕ ਦੀ ਅਵਾਜ਼ ਵੇਲ਼ੇ ਅੱਧਕ ਦੀ ਥਾਂ ਟਿੱਪੀ ਵੀ ਵਰਤੀ ਜਾਂਦੀ ਹੈ–

ਕੰਮ, ਨਿੰਮ, ਜਿੰਨ, ਕਿੰਨਾ, ਜਿੰਨ੍ਹਾਂ ......

ਸੰਬੋਧਨ ਕਰਨ ਸਮੇਂ ਸ਼ਬਦ ਦੇ ਅਖੀਰ 'ਤੇ ਨ ਨਾਲ਼ ਬਿੰਦੀ (ਇੱਕ ਵਚਨ) ਨਹੀ ਲੱਗਦੀ....

ਓਏ ਜਵਾਨਾ, ਓਏ ਜ਼ਾਲਮਾ!

(ਬਹੁ-ਵਚਨ) - ਜਵਾਨਾਂ ਨੇ, ਜ਼ਾਲਮਾਂ ਨੇ।

Scanned by CamScanner

# ਨ - ਣ

ਆਮ ਤੌਰ 'ਤੇ ਭਾਵਾਰਥ ਕਿਰਿਆ ਦੇ ਨਾਲ਼ ਣ ਲੱਗਦਾ ਹੈ - ਖਾਣਾ, ਪੀਣਾ, ਹੱਸਣਾ, ਰੋਣਾ, ਗਾਉਣਾ ..........

ਜਦੋਂ ਧਾਤੂ ਦੇ ਅੰਦਰ ਰ, ੜ, ਣ ਆਵੇ ਤਾਂ ਭਾਵਾਰਥ ਕਿਰਿਆ ਨਾਲ਼ ਨਾ ਆਉਂਦਾ ਹੈ।

ਕਰਨਾ, ਮੜ੍ਹਨ, ਪੜ੍ਹਨਾ....

ਹੋਰ ਸ਼ਬਦਾਂ ਵਿੱਚ ਛੁਹਕਵੀ ਅਵਾਜ਼ ਵੇਲ਼ੇ ਣ ਅਤੇ ਥੱਥਵੀਂ ਅਵਾਜ਼ ਵੇਲੇ ਨ ਲੱਗਦਾ ਹੈ - ਭੈਣ, ਪਾਣੀ, ਬੀਨ, ਗਿਆਨੀ ......

Scanned by CamScanner

# ਹ

'ਹ' ਤੋਂ ਪਹਿਲਾਂ ਦੁਲਾਵਾਂ ਦੀ ਅਵਾਜ਼ ਵੇਲ਼ੇ 'ਹ' ਨਾਲ਼ ਸਿਹਾਰੀ ਲੱਗਦੀ ਹੈ

ਸ਼ੈਹਰ → ਸ਼ਹਿਰ
ਪੈਹਲਾ → ਪਹਿਲਾ
ਲੈਹਰ → ਲਹਿਰ
ਕੈਹਣਾ → ਕਹਿਣਾ
ਗੈਹਣਾ → ਗਹਿਣਾ
ਕੈਹਰ → ਕਹਿਰ

ਆਮ ਕਰਕੇ ਇਹ ਨਿਯਮ ਦੋ ਅੱਖਰਾਂ ਵਾਲ਼ੇ ਸ਼ਬਦਾਂ, ਖਾਸ ਨਾਂਵ ਅਤੇ ਕੁਝ ਪ੍ਰਚੱਲਿਤ ਸ਼ਬਦਾਂ ਤੇ ਲਾਗੂ ਨਹੀਂ ਹੁੰਦਾ।

Scanned by CamScanner

# ਹ

'ਹ' ਤੋਂ ਪਹਿਲਾਂ 'ਹੋੜੇ' ਦੀ ਅਵਾਜ਼ ਵੇਲ਼ੇ 'ਹ' ਨਾਲ਼ ਔਂਕੜ ਲੱਗਦਾ ਹੈ -

ਮੋਹਰ → ਮੁਹਰ

ਮੋਹਲਤ → ਮੁਹਲਤ

ਸ਼ੋਹਰਤ → ਸ਼ੁਹਰਤ

'ਹ' ਤੋਂ ਪਹਿਲਾਂ 'ਕਨੌੜੇ' ਦੀ ਅਵਾਜ਼ ਵੇਲ਼ੇ 'ਹ' ਦੇ ਨਾਲ਼ ਔਂਕੜ ਲੱਗਦਾ ਹੈ -

ਨੌਂਹ → ਨਹੁੰ

ਬੌਹਤ → ਬਹੁਤ

ਵੌਹਟੀ → ਵਹੁਟੀ

Scanned by CamScanner

ਜੇਕਰ 'ਹ' ਤੋਂ ਪਹਿਲੇ
ਅੱਖਰ ਤੇ ਲਾਂ ਦੀ ਅਵਾਜ਼
ਆਵੇ ਤਾਂ ਲਾਂ ਕੱਟ ਕੇ ਲਾਂ
ਦੀ ਥਾਂ ਸਿਹਾਰੀ ਲੱਗਦੀ ਹੈ-

ਕੇਹੜਾ → ਕਿਹੜਾ

ਕੇਹਰ → ਕਿਹਰ

ਸੇਹਰਾ → ਸਿਹਰਾ

ਮੇਹਰ → ਮਿਹਰ

# ਹ

Scanned by CamScanner

ਕੰਨੇ ਦੀ ਲੰਮੇਰੀ ਅਵਾਜ਼
ਨੂੰ ਪ੍ਰਗਟ ਕਰਨ ਲਈ ਕੰਨੇ
ਨਾਲ 'ਅ' ਲਿਖੋ, ਜਿਵੇਂ -
ਚਾਅ, ਬਾਅਦ, ਲਾਅ, ਭਾਅ....

ਯ ਦੀ ਅਵਾਜ਼ ਨੂੰ ਇ+ਆ
ਜਾਂ ਇ+ਉ ਜਾਂ ਯਾ ਨੂੰ ਆ ਦੇ
ਵਿੱਚ ਬਦਲ ਦਿੱਤਾ ਜਾਂਦਾ ਹੈ-

ਆਯਾ → ਆਇਆ
ਹੋਇਆ ← ਹੋਯਾ
ਕਯੋਂ → ਕਿਉਂ
ਜਯੋਂ → ਜਿਉਂ
ਤਯਾਗ → ਤਿਆਗ
ਗਯਾਨੀ → ਗਿਆਨੀ

Scanned by CamScanner

ਪੰਜਾਬੀ ਵਿੱਚ ਅੱਖਰ ਦੇ ਪੈਰ
'ਚ ਵ ਦੀ ਵਰਤੋਂ ਬਹੁਤ ਘਟ
ਗਈ ਹੈ – ਸ੍ਵਾਸ → ਸਵਾਸ
ਸ੍ਵੀਕਾਰ → ਸਵੀਕਾਰ

ਕੁਝ ਸ਼ਬਦਾਂ ਦੇ ਪੈਰ 'ਚ
'ਵ' ਦੀ ਵਰਤੋਂ ਠੀਕ ਵੀ ਹੈ–
ਸ੍ਵੈਮਾਨ, ਸ੍ਵਛ, ਸ੍ਵਰ, ਸ੍ਵਾਧੀਨ।

ਰ ੍ਰ ਜਿਸ ਅੱਖਰ ਨਾਲ਼ੋਂ 'ਰ'
ਦੀ ਅਵਾਜ਼ ਵੱਖ ਕਰਨ ਤੇ ਉਚਾਰਨ
ਨਾ ਵਿਗੜੇ ਉੱਥੇ ਪੂਰਾ 'ਰ' ਵਰਤੋ,
ਜੇਕਰ ਉਚਾਰਨ ਵਿਗੜੇ ਤਾਂ ੍ਰ
ਵਰਤੋ – ਕਿਰਪਾ, ਇੰਦਰ, ਕਿਰਿਆ,
ਪਰਜਾ, ਪਰਗਟ, ਪੁੱਤਰ....
ਦ੍ਰਿਸ਼, ਤ੍ਰਾਹ, ਧ੍ਰੂ, ਪ੍ਰੈਸ, ਪ੍ਰੀਤ, ਦ੍ਰਿੜ .....

Scanned by CamScanner

# ਹ ੍ਹ

ਕੁਝ ਪੰਜਾਬੀ ਅੱਖਰਾਂ ਦੇ
ਅੰਤ ਤੇ 'ਹ' ਦੀ ਅਵਾਜ ਥੋੜ੍ਹੀ
ਮੱਧਮ ਆਵੇ, ਉਹਨਾਂ ਦੇ ਪੈਰੀਂ
੍ਹ ਲੱਗਦਾ ਹੈ- ਚੁੱਲ੍ਹਾ, ਜਮ੍ਹਾਂ,
ਜਗ੍ਹਾ, ਮੱਲੜ੍ਹ, ਪੜ੍ਹ, ਖੜ੍ਹ,
ਖੋਲ੍ਹ, ਸੰਨ੍ਹ, ਨਿੰਮ੍ਹੀ, ਗੜ੍ਹ,
ਘਮਲ੍ਹਾ, ਚੜ੍ਹਨਾ, ਰਿੰਨ੍ਹ,
ਕਈ ਸ਼ਬਦਾਂ ਵਿੱਚ ਪੈਰੀਂ
'ਹ' ੍ਹ ਲਿਖਣਾ ਅਸ਼ੁੱਧ ਹੈ-
ਜੇੜ੍ਹਾ, ਕੇੜ੍ਹਾ,
X ਵੇੜ੍ਹਾ, ਮੇਣ੍ਹਾ,

Scanned by CamScanner

ਸ਼ਹਿਰਾਂ ਅਤੇ ਨਗਰਾਂ ਦੇ ਨਾਮ
ਜੋੜ ਕੇ ਲਿਖੋ: ਅੰਮ੍ਰਿਤਸਰ,
ਗੁਰਦਾਸਪੁਰ, ਫ਼ਰੀਦਕੋਟ .....
'ਵਾਲ਼ਾ' ਪਿਛੇਤਰ ਸ਼ਬਦ ਨਾਲ਼
ਜੋੜੋ - ਗੱਡੀਵਾਲ਼ਾ, ਦੁੱਧਵਾਲ਼ਾ...
ਮਨੁੱਖਾਂ ਦੇ ਨਾਮ ਨਿਖੇੜ ਕੇ ਲਿਖੋ-
ਕਰਮ ਦਈ, ਸੋਹਨ ਲਾਲ, ਰਾਮ
ਸਿੰਘ, ਅਬਦੁਲ ਹਮੀਦ .....
ਭਵਿੱਖਤ ਕਾਲ ਦੇ ਗਾ, ਗੇ, ਗੀ ਨੂੰ
ਸ਼ਬਦਾਂ ਨਾਲ਼ ਜੋੜੋ - ਖਾਏਗਾ,
ਖੇਡੇਗਾ, ਪੜ੍ਹੇਗੀ ......
'ਕੇ' ਨੂੰ ਧਾਤੂ ਨਾਲ਼ੋਂ ਨਿਖੇੜੋ :-
ਖਾ ਕੇ, ਨ੍ਹਾ ਕੇ, ਪਾ ਕੇ, ਪੜ੍ਹ ਕੇ ....

Scanned by CamScanner